BRITISH COLUMBIA
The Best Place on Earth

# ਖ਼ਬਰਨਾਮਾ

ਅਗਸਤ 2010 ਮਨਿਸਟਰੀ ਆਫ਼ ਐਜੁਕੇਸ਼ਨ (Ministry of Education)

## ਇੱਕ ਰਵਾਨੀ ਭਰੀ ਸ਼ੁਰੂਆਤ ਲਈ ਸਕੂਲ-ਵਾਪਸੀ ਮੌਕੇ ਸੁਝਾਅ

### ਪ੍ਰਾਇਮਰੀ ਦੇ ਵਿਦਿਆਰਥੀਆਂ ਸੰਬੰਧੀ:

- ਇਸ ਗੱਲ ਦੀ ਤਸਦੀਕ ਕਰੋ ਕਿ ਪਹਿਲੇ ਦਿਨ ਸਕੂਲ ਕਿੰਨ੍ਹੇ ਵਜੇ ਲੱਗੇਗਾ।
- ਜੇ ਤੁਹਾਡੇ ਬੱਚੇ ਕਿਸੇ ਨਵੇਂ ਸਕੂਲ ਜਾ ਰਹੇ ਹਨ ਤਾਂ ਸਕੂਲ ਤੋਂ ਪਤਾ ਕਰ ਕੇ ਰੱਖੋ ਕਿ ਰਜਿਸਟਰੇਸ਼ਨ ਵਾਲੇ ਦਿਨ ਕਿਸ ਜਾਣਕਾਰੀ ਅਤੇ ਕਿਹੜੀਆਂ ਸ਼ਨਾਖ਼ਤਾਂ ਦੀ ਲੋੜ ਪਵੇਗੀ।
- ਸਕੂਲ ਲੱਗਣਾ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਹੀ ਬੱਚਿਆਂ ਨੂੰ ਸਕੂਲ ਦੇ ਸਮੇਂ ਮੁਤਾਬਕ ਸਵਾ ਕੇ ਅਤੇ ਜਗਾ ਕੇ ਸਕੂਲ ਦੇ ਪਹਿਲੇ ਦਿਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਸਕੂਲ-ਵਾਪਸੀ ਦੇ ਸਮਿਆਂ ਦੀ ਆਦਤ ਪਾ ਦਿਓ।
- ਸਵੇਰ ਦਾ ਕਾਰਜ ਅਮਨ-ਅਮਾਨ ਅਤੇ ਬੇਰੋਕ ਲੰਘਾਉਣ ਲਈ ਸਕੂਲ ਦੇ ਪਹਿਲੇ ਦਿਨ ਤੋਂ ਪਹਿਲੀ ਰਾਤ ਨੂੰ ਬੱਚਿਆਂ ਨੂੰ ਆਪਣੇ ਕੱਪੜੇ ਖ਼ੁਦ ਪਸੰਦ ਕਰ ਲੈਣ ਦਿਓ।
- ਪਤਾ ਕਰੋ ਕਿ ਤੁਹਾਡੇ ਬੱਚੇ ਦਾ ਅਧਿਆਪਕ ਮਾਪਿਆਂ ਨਾਲ ਗੱਲਬਾਤ ਕਿਸ ਤਰ੍ਹਾਂ ਕਰਦਾ ਹੈ ਅਤੇ ਮੌਜੂਦ ਮੌਕਿਆਂ ਦਾ ਫਾਇਦਾ ਉਠਾਓ।
- ਸਕੂਲ ਦੀ ਕਮਿਊਨਿਟੀ ਵਿੱਚ ਹਿੱਸਾ ਲਓ। ਸ੍ਵੈ-ਸੇਵਾ ਦੇ ਮੌਕਿਆਂ ਲਈ ਆਪਣੇ ਸਥਾਨਕ ਬੋਰਡ ਆਫ਼ ਐਜੁਕੇਸ਼ਨ ਜਾਂ ਆਪਣੇ ਬੱਚੇ ਦੇ ਸਕੂਲ ਵਿਖੇ ਪੇਰੈਂਟ ਐਡਵਾਈਜ਼ਰੀ ਕੌਂਸਲ (Parent Advisory Council) ਨਾਲ ਸੰਪਰਕ ਕਰੋ।

### ਇੰਟਰਮੀਡੀਏਟ/ਮਿਡਲ ਦੇ ਵਿਦਿਆਰਥੀਆਂ ਸੰਬੰਧੀ:

- ਆਪਣੇ ਬੱਚੇ ਨਾਲ ਉਸ ਦੀਆਂ ਕਲਾਸਾਂ ਦਾ ਕਾਰਜ-ਕ੍ਰਮ ਵਿਚਾਰੋ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਉਸ ਦੀਆਂ ਸਭ ਕਲਾਸਾਂ ਸਹੀ ਹਨ।
- ਆਪਣੇ ਬੱਚੇ ਨਾਲ ਮਿਲ ਕੇ ਇਸ ਬਾਰੇ ਵਿਚਾਰ ਕਰੋ ਕਿ ਕਲਾਸ ਵਿੱਚ ਸਹੀ ਸਮੇਂ ਤੇ ਕਿਵੇਂ ਜਾਇਆ ਜਾ ਸਕਦਾ ਹੈ, ਖ਼ਾਸ ਕਰ ਜੇ ਕਲਾਸਾਂ ਇਮਾਰਤ ਦੇ ਉਲਟ ਪਾਸਿਆਂ 'ਤੇ ਲੱਗਦੀਆਂ ਹੋਣ।
- ਜੇ ਤੁਹਾਡੇ ਬੱਚੇ ਕਿਸੇ ਨਵੇਂ ਸਕੂਲ ਜਾ ਰਹੇ ਹਨ ਤਾਂ ਸਕੂਲ ਦੇ ਪਹਿਲੇ ਦਿਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਸਕੂਲ ਵੇਖ ਆਉਣ ਲਈ ਪ੍ਰੇਰੋ। ਉਨ੍ਹਾਂ ਨੂੰ ਜਿੰਮ, ਲਾਇਬ੍ਰੇਰੀ, ਕੈਫੀਟੇਰੀਆ ਅਤੇ ਕਲਾਸਰੂਮ ਵੇਖ ਆਉਣ ਲਈ ਕਹੋ ਤਾਂ ਜੋ ਉਹ ਜਗ੍ਹਾ ਦੇ ਵਾਕਫ ਹੋ ਸਕਣ।
- ਆਉਣ ਵਾਲੇ ਸਕੂਲੀ ਵਰ੍ਹੇ ਬਾਰੇ ਆਪਣੇ ਬੱਚਿਆਂ ਨਾਲ ਗੱਲ ਕਰੋ; ਉਸਾਰੂ ਰਵੱਈਆ ਰੱਖੋ ਅਤੇ ਉਨ੍ਹਾਂ ਨੂੰ ਯਾਦ ਕਰਾਓ ਕਿ ਉਹ ਨਵੇਂ ਦੋਸਤਾਂ ਨੂੰ ਮਿਲਣਗੇ, ਨਵੀਆਂ ਗੱਲਾਂ ਸਿੱਖਣਗੇ ਅਤੇ ਮਜ਼ੇਦਾਰ ਸਮਾਂ ਬਿਤਾਉਣਗੇ।
- ਸਕੂਲ ਦੀ ਕਮਿਊਨਿਟੀ ਵਿੱਚ ਹਿੱਸਾ ਲੈਣਾ ਜਾਰੀ ਰੱਖੋ ਕਿਉਂਕਿ ਆਪਣੇ ਬੱਚੇ ਦੇ ਅਧਿਆਪਕਾਂ ਅਤੇ ਹੋਰ ਮਾਤਾ-ਪਿਤਾ ਨਾਲ ਵਾਕਫੀਅਤ ਦਾ ਇਹ ਵਧੀਆ ਤਰੀਕਾ ਹੁੰਦਾ ਹੈ।

### ਸੈਕੰਡਰੀ ਦੇ ਵਿਦਿਆਰਥੀਆਂ ਸੰਬੰਧੀ:

- ਜੇ ਤੁਹਾਡੇ ਬੱਚੇ ਕਿਸੇ ਨਵੇਂ ਸਕੂਲ ਜਾ ਰਹੇ ਹਨ ਤਾਂ ਉਨ੍ਹਾਂ ਲਈ ਸਕੂਲ ਦੀ ਫੇਰੀ ਦਾ ਪ੍ਰਬੰਧ ਕਰੋ ਤਾਂ ਜੋ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਜਿੰਮ, ਲਾਇਬ੍ਰੇਰੀ ਅਤੇ ਕੈਫੀਟੇਰੀਆ ਕਿੱਥੇ ਹਨ ਤਾਂ ਜੋ ਪਹਿਲੇ ਦਿਨ ਸਕੂਲ ਵਿੱਚ ਉਨ੍ਹਾਂ ਦਾ ਵਧੇਰੇ ਦਿਲ ਲੱਗੇ।
- ਆਪਣੇ ਟੀਨੇਜਰਾਂ ਨੂੰ ਉਨ੍ਹਾਂ ਦੇ ਕਾਰਜ-ਕ੍ਰਮ ਵੇਖਣ ਲਈ ਉਤਸ਼ਾਹਿਤ ਕਰੋ, ਅਤੇ ਕਿਸੇ ਵਿਵਾਦ ਜਾਂ ਗਲਤੀ ਨਜ਼ਰ ਆਉਣ ਦੀ ਸੂਰਤ ਵਿੱਚ ਸਕੂਲ ਕੌਂਸਲਰ ਤੋਂ ਸਮਾਂ ਲੈਣ ਲਈ ਆਖੋ।
- ਉਨ੍ਹਾਂ ਨੂੰ ਕਹੋ ਕਿ ਆਪਣੇ ਤਾਲਿਆਂ ਨੂੰ ਨੰਬਰਾਂ ਰਾਹੀਂ ਬੰਦ ਕਰਨ ਅਤੇ ਖੋਲ੍ਹਣ ਦਾ ਅਭਿਆਸ ਕਰ ਲੈਣ ਤਾਂ ਜੋ ਇਹ ਗੱਲ ਪੱਕੀ ਹੋ ਸਕੇ ਕਿ ਤਾਲੇ ਸਹੀ ਚੱਲ ਰਹੇ ਹਨ।
- ਆਪਣੇ ਬੱਚੇ, ਉਸ ਦੇ ਅਧਿਆਪਕ ਅਤੇ ਪ੍ਰਿੰਸੀਪਲ ਨਾਲ ਮਿਲ ਕੇ ਇਹ ਗੱਲ ਯਕੀਨੀ ਬਣਾਉਣ ਲਈ ਯਤਨ ਕਰੋ ਕਿ ਕੋਰਸਾਂ, ਪ੍ਰੋਗਰਾਮਾਂ ਅਤੇ ਪਾਸ ਹੋਣ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ।
- ਸਕੂਲ ਦੀ ਕਮਿਊਨਿਟੀ ਵਿੱਚ ਹਿੱਸਾ ਲੈਣਾ ਜਾਰੀ ਰੱਖੋ।

ਮੀਡੀਆ ਸੰਪਰਕ: ਪਬਲਿਕ ਅਫੇਅਰਜ਼ ਬਿਊਰੋ (Public Affairs Bureau)
ਮਨਿਸਟਰੀ ਆਫ਼ ਐਜੂਕੇਸ਼ਨ (Ministry of Education)
250 356-5963

ਸਰਕਾਰੀ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ, ਜਾਂ RSS ਰਾਹੀਂ ਸੂਬੇ ਦੀਆਂ ਖ਼ਬਰਾਂ ਹਾਸਲ ਕਰਨ ਲਈ www.gov.bc.ca (ਲਿੰਕ ਅੰਗਰੇਜ਼ੀ ਵਿੱਚ ਖੁੱਲ੍ਹੇਗਾ) ਵਿਖੇ ਸੂਬੇ ਦੀ ਵੈੱਬਸਾਈਟ ਵੇਖੋ।